بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.01.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਜਮਾਤ ਦੇ ਹਰ ਇਕ ਵਿਅਕਤੀ ਤੱਕ ਨਮਾਜ਼ ਦੀ ਮਹਤੱਾ ਦਾ ਸੰਦੇਸ਼ ਵਾਰ ਵਾਰ ਪਹੁੰਚਾਓ

**ਹਕੀਕਤ ਵਿੱਚ ਤਾਂ ਅਸੀਂ ਅਹਮਦੀ ਹੋਣ ਦਾ ਹੱਕ ਉਸ ਸਮੇਂ ਪੂਰਾ ਕਰ ਸਕਾਂਗੇ ਜੱਦ ਅਸੀਂ ਆਪਣੀਆਂ ਨਮਾਜ਼ਾਂ ਦੀ ਰੱਖਿਆ ਕਰਦਿਆਂ ਹੋਇਆਂ ਉਹਨਾਂ ਤੋਂ ਰੂਹਾਨੀ ਲਾਭ ਉਠਾਉਣ ਵਾਲੇ ਹੋਵਾਂਗੇ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਜਨਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਸਾਡੇ ਵਿੱਚੋਂ ਕੌਣ ਨਹੀਂ ਜਾਣਦਾ ਕਿ ਮੁਸਲਮਾਨਾਂ'ਤੇ ਨਮਾਜ਼ ਫ਼ਰਜ਼ ਹੈ । ਕੁਰਆਨ ਕਰੀਮ ਵਿੱਚ ਕਈ ਥਾਂ ਨਮਾਜ਼ ਦੀ ਮਹਤੱਾ ਵੱਖ ਵੱਖ ਹਵਾਲਿਆਂ ਨਾਲ ਵਰਨਣ ਕਰਕੇ ਇਸ ਵੱਲ ਧਿਆਨ ਦੁਆਇਆ ਗਿਆ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਵੀ ਫ਼ਰਮਾਇਆ ਕਿ ਨਮਾਜ਼ ਇਬਾਦਤ ਦਾ ਮਗ਼ਜ਼ ਹੈ ਸਗੋਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਏਥੋਂ ਤੱਕ ਫ਼ਰਮਾਇਆ ਕਿ ਨਮਾਜ਼ ਨੂੰ ਛਡੱਣਾ ਮਨੁੱਖ ਨੂੰ ਕੁਫ਼ਰ ਤੇ ਸ਼ਿਰਕ (ਅਨੇਕ ਈਸ਼ਵਰਵਾਦ) ਦੇ ਨੇੜੇ ਕਰ ਦਿੰਦਾ ਹੈ । ਫਿਰ ਆਪ ਨੇ ਨਮਾਜ਼ ਦੀ ਮਹਤੱਾ ਦਸਦਿਆਂ ਹੋਇਆਂ ਫ਼ਰਮਾਇਆ ਕਿ ਕਯਾਮਤ (ਪਰਲੈ) ਦੇ ਦਿਨ ਸਭ ਤੋਂ ਪਹਿਲਾਂ ਜਿਸ ਚੀਜ਼ ਦਾ ਹਿਸਾਬ ਲਿਆ ਜਾਵੇਗਾ ਉਹ ਨਮਾਜ਼ ਹੈ ।

ਫਿਰ ਬੱਚਿਆਂ ਨੂੰ ਵੀ ਨਮਾਜ਼ ਦਾ ਪਾਬੰਦ ਬਨਾਉਣ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਸੱਤ ਸਾਲ ਦੀ ਉਮਰ ਨੂੰ ਪਹੁੰਚਣ'ਤੇ ਬੱਚੇ ਨੂੰ ਨਮਾਜ਼ ਦੀ ਤਲਕੀਨ ਕਰੋ ਅਤੇ ਦਸ ਸਾਲ ਦੀ ਉਮਰ ਵਿੱਚ ਉਸ ਨੂੰ ਨਮਾਜ਼ ਦਾ ਪਾਬੰਦ ਕਰਨ ਲਈ ਕੋਈ ਸਖ਼ਤੀ ਵੀ ਕਰਨੀ ਪਏ ਤਾਂ ਕਰੋ । ਜੇਕਰ ਮਾਤਾ ਪਿਤਾ ਹੀ ਨਮਾਜ਼ ਦੇ ਪਾਬੰਦ ਨ ਹੋਣਗੇ ਤਾਂ ਬੱਚਿਆਂ ਨੂੰ ਕਿਵੇਂ ਕਹਿ ਸਕਦੇ ਹਨ ਜਾਂ ਜੇਕਰ ਬੱਚੇ ਆਪਣੇ ਇਜਲਾਸਾਂ ਜਾਂ ਜਲਸਿਆਂ ਵਿੱਚ ਜਾਂ ਹੋਰਨਾ ਸਾਧਨਾ ਰਾਹੀਂ ਇਹ ਹਦੀਸ ਸੁਣ ਲੈਂਣ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਫ਼ਰਮਾਨ ਸੁਣ ਲੈਣ ਪਰ ਆਪਣੇ ਘਰਾਂ ਵਿੱਚ ਆਪਣੇ ਪਿਤਾ ਨੂੰ ਨਮਾਜ਼ਾਂ ਦਾ ਪਾਬੰਧ ਨ ਦੇਖਣ ਤਾਂ ਉਹਨਾਂ'ਤੇ

ਕੀ ਪ੍ਰਭਾਵ ਹੋਵੇਗਾ ? ਨਿਸ਼ਚੇ ਹੀ ਅਜਿਹੇ ਬਾਪ ਦੇ ਬੱਚੇ ਇਹ ਵਿਚਾਰ ਕਰਨਗੇ ਕਿ ਇਸ ਆਦੇਸ਼ ਦੀ ਕੋਈ ਮਹਤੱਾ ਨਹੀਂ ਹੈ । ਸੰਸਾਰਕ ਇਛੱਾਵਾਂ ਪੂਰੀਆਂ ਕਰਨ ਬਾਰੇ ਬੱਚਿਆਂ ਦੀ ਸੰਸਾਰਕ ਤਰੱਕੀ ਲਈ ਤਾਂ ਮਾਂ ਬਾਪ ਚਿੰਤਾ ਪ੍ਰਕਟ ਕਰ ਰਹੇ ਹੁੰਦੇ ਹਨ ਪਰ ਜੋ ਅਸਲ ਚਿੰਤਾ ਹੋਣੀ ਚਾਹੀਦੀ ਹੈ ਉਸ ਦੀ ਪਰਵਾਹ ਨਹੀਂ ਹੁੰਦੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੇਕਰ ਕਿਸੇ ਦੇ ਬੂਹੇ ਕੋਲੋਂ ਨਹਿਰ ਵੱਗਦੀ ਹੋਵੇ ਅਤੇ ਉਹ ਉਸ ਵਿੱਚ ਪੰਜ ਵਾਰੀ ਪ੍ਰਤੀਦਿਨ ਇਸਨਾਨ ਕਰੇ ਤਾਂ ਉਸ ਦੇ ਸ਼ਰੀਰ ਉਪੱਰ ਕੋਈ ਮੈਲ ਰਹਿ ਜਾਵੇਗੀ । ਸਹਾਬਾ ਨੇ ਅਰਜ਼ ਕੀਤੀ, ਹੇ ਰਸੂਲੁਲੱਾਹ ! ਨਿਸ਼ਚੇ ਹੀ ਕੋਈ ਮੈਲ ਨਹੀਂ ਰਹੇਗੀ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਤਾਂ ਫਿਰ ਇਹੋ ਉਧਾਰਣ ਪੰਜ ਨਮਾਜ਼ਾਂ ਦੀ ਹੈ । ਰੱਬ ਇਹਨਾਂ ਰਾਹੀਂ ਪਾਪ ਬਖ਼ਸ਼ਦਾ ਅਤੇ ਕਮਜ਼ੋਰੀਆਂ ਦੂਰ ਕਰਦਾ ਹੈ । ਪੰਜ ਨਮਾਜ਼ਾਂ ਪੜ੍ਹਨ ਵਾਲੇ ਦੀ ਆਤਮਾ'ਤੇ ਕੋਈ ਮੈਲ ਨਹੀਂ ਰਹਿੰਦੀ ।

ਸੋ, ਇਹ ਹੈ ਨਮਾਜ਼ ਦੀ ਮਹਤੱਾ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਸੁੰਦਰ ਉਧਾਰਣ ਰਾਹੀਂ ਵਰਨਣ ਕੀਤੀ ਹੈ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਿਸ ਨੇ ਘਰੋਂ ਵੁਜ਼ੂ ਕੀਤਾ ਅਤੇ ਫਿਰ ਰੱਬ ਦੇ ਘਰ ਅਰਥਾਤ ਮਸਜਿਦ ਗਿਆ ਤਾਂ ਜੋ ਉਥੇ ਫ਼ਰਜ ਨਮਾਜ਼ ਪੜ੍ਹੇ ਤਾਂ ਮਸਜਿਦ ਵੱਲ ਜਾਂਦਿਆਂ ਹੋਇਆਂ ਜਿੰਨ੍ਹੇ ਪੈਰ੍ਹ ਪੁੱਟੇ ਉਹਨਾਂ ਵਿੱਚੋਂ ਇਕ ਪਰ੍ਹ ਪੁਟੱਣ ਨਾਲ ਉਸ ਦਾ ਇਕ ਪਾਪ ਮੁਆਫ਼ ਹੋਵੇਗਾ ਅਤੇ ਦੂਜਾ ਪੈਰ੍ਹ ਪੁਟੱਣ ਨਾਲ ਉਸ ਦਾ ਇਕ ਦਰਜਾ ਉਚੱਾ ਹੋਵੇਗਾ ਅਰਥਾਤ ਮਸਜਿਦ ਵੱਲ ਉਠੱਣ ਵਾਲਾ ਹਰ ਕਦਮ ਉਸ ਨੂੰ ਪੁੰਨ ਬਖ਼ਸ਼ਣ ਵਾਲਾ ਹੈ ।

ਫਿਰ ਇਕ ਮੌਕੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਜਮਾਤ ਨਾਲ ਨਮਾਜ਼ ਪੜ੍ਹਨ ਦੀ ਮਹਤੱਾ ਨੂੰ ਇਸ ਪ੍ਰਕਾਰ ਫ਼ਰਮਾਇਆ ਕਿ ਕੀ ਮੈਂ ਤੁਹਾਨੂੰ ਉਹ ਗੱਲ ਨ ਦਸੱਾਂ ਜਿਸ ਤੋਂ ਰੱਬ ਪਾਪ ਮਿਟਾ ਦਿੰਦਾ ਹੈ ਅਤੇ ਦਰਜੇ ਉੱਚੇ ਕਰਦਾ ਹੈ ? ਸਹਾਬਾ ਰਿਜ਼ਵਾਨੁਲੱਾਹ ਅਲੈਹਿਮ (ਆਪ ਨੇ ਸਾਥੀ) ਜੋ ਹਰ ਸਮੇਂ ਇਸ ਗੱਲ ਲਈ ਬੇ ਚੈਨ ਰਹਿੰਦੇ ਸਨ ਕਿ ਸਾਨੂੰ ਕੱਦ ਕੋਈ ਮੌਕਾ ਮਿਲੇ ਅਤੇ ਅਸੀਂ ਰੱਬ ਨੂੰ ਰਾਜ਼ੀ ਕਰਨ ਦਾ ਜਤਨ ਕਰੀਏ, ਉਸ ਨੂੰ ਮਨਾਉਣ ਦੇ ਢੰਗ ਸਿੱਖੀਏ, ਉਸ ਦੀ ਨੇੜਤਾ ਪ੍ਰਾਪਤ ਕਰੀਏ, ਆਪਣੇ ਪਾਪਾਂ ਤੋਂ ਦੂਰੀਆਂ ਬਣਾਈਏ, ਉਹਨਾਂ ਨੇ ਬਿਨਤੀ ਕੀਤੀ ਕਿ ਹੇ, ਣਸੂਲੁਲੱਾਹ ! ਜ਼ਰੂਰ ਦੱਸੀਏ, ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਮਨ ਨ ਚਾਹੁਣ ਦੇ ਬਾਦ ਵੀ ਚੰਗੀ ਤਰ੍ਹਾਂ ਵੁਜ਼ੂ ਕਰਨਾ ਅਤੇ ਮਸਜਿਦ ਵਿੱਚ ਦੂਰੋਂ ਚਲੱਕੇ ਆਉਂਣਾ ਅਤੇ ਇਕ ਨਮਾਜ਼ ਦੇ ਬਾਦ ਦੂਜੀ ਨਮਾਜ਼ ਦੀ ਉਡੀਕ ਕਰਨਾ ਇਹ ਪਾਪਾਂ ਤੋਂ ਦੂਰੀਆਂ ਪੈਦਾ ਕਰਦਾ । ਆਪ ਨੇ ਫ਼ਰਮਾਇਆ ਐਨ੍ਹਾਂ ਹੀ ਨਹੀਂ ਇਹ ਇਕ ਪ੍ਰਕਾਰ ਦਾ ਸੰਬੰਧ ਹੈ ਅਰਥਾਤ ਸਰਹਦਾਂ ਉਪੱਰ ਛਾਉਂਣੀਆਂ ਬਨਾਉਣ ਦੇ ਬਰਾਬਰ ਹੈ ਜਿਵੇਂ ਦੇਸ਼ ਆਪਣੀ ਸੁਰੱਖਿਆ ਲਈ ਸਰਹਦਾਂ ਉਪੱਰ ਛਾਉਂਣੀਆਂ ਬਣਾਉਂਦੇ ਹਨ ਫ਼ੌਜਾਂ ਰਖੱਦੇ ਹਨ ਇਸੇ ਪ੍ਰਕਾਰ ਇਹ ਹੈ । ਇਸੇ ਪ੍ਰਕਾਰ ਨਮਾਜ਼ ਜਮਾਤ ਨਾਲ ਪੜ੍ਹਨ ਵਿੱਚ ਇਕੱਲਿਆਂ ਨਮਾਜ਼ ਪੜ੍ਹਨ ਨਾਲੋਂ 27 ਗੁਣਾ ਬਹੁਤਾ ਪੁੰਨ ਹੈ ਇਸ ਬਾਰੇ ਵੀ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਨ ਦਿੱਤੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਮਾਤ ਨਾਲ ਨਮਾਜ਼ ਦੀ ਮਹਤੱਾ ਵਰਨਣ ਕਰਦਿਆਂ ਹੋਇਆਂ ਇਕ ਥਾਂ ਫ਼ਰਮਾਉਂਦੇ ਹਨ ਕਿ :

ਨਮਾਜ਼ ਵਿੱਚ ਜਮਾਤ ਨਾਲ ਨਮਾਜ਼ ਦਾ ਜੋ ਬਹੁਤਾ ਪੁੰਨ ਰੱਖਿਆ ਹੈ ਉਸ ਵਿੱਚ ਇਹੋ ਉਦੇਸ਼ ਹੈ ਕਿ ਏਕਤਾ ਪੈਦਾ ਹੁੰਦੀ ਹੈ ਅਤੇ ਫਿਰ ਏਕਤਾ ਨੂੰ ਅਮਲੀ ਰੂਪ ਵਿੱਚ ਲਿਆਉਣ ਦਾ ਏਥੋਂ ਤੱਕ ਨਿਰਦੇਸ਼ ਤੇ ਤਾਕੀਦ ਹੈ ਕਿ ਆਪੋ ਵਿੱਚ ਪੈਰ੍ਹ ਵੀ ਬਰਾਬਰ ਹੋਣ ਅਤੇ ਪੰਕਤੀ ਸਿੱਧੀ ਹੋਵੇ ਅਤੇ ਇਕ ਦੂਜੇ ਨਾਲ ਮਿਲੇ ਹੋਏ ਹੋਣ ਇਸ ਦਾ ਅਰਥ ਇਹ ਹੈ ਕਿ ਸੰਭਵਤਾ ਸਾਰੇ ਹੀ ਇਕ ਮਨੁੱਖ ਦਾ ਆਦੇਸ਼ ਰਖੱਣ । ਇਹ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਮਨੁੱਖ ਵਿੱਚ ਇਹ ਸ਼ਕਤੀ ਹੈ ਕਿ ਦੂਜਿਆਂ ਦੇ ਨੂਰ ਨੂੰ ਜਜ਼ਬ ਕਰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੇਕਰ ਅਸੀਂ ਇਕ ਪਾਸੇ ਤਾਂ ਇਹ ਦਾਵਾ ਕਰੀਏ ਕਿ ਅਸੀਂ ਆਪਣੀ ਆਤਮਕ ਤਰੱਕੀ ਲਈ ਅਤੇ ਏਕਤਾ ਨੂੰ ਬਣਾਈ ਰਖੱਣ ਲਈ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਅਤੇ ਮਸੀਹ ਮੌਊਦ ਤੇ ਮਹਦੀ ਮਾਹੂਦ ਨੂੰ ਮੰਨ ਲਿਆ ਹੈ ਅਤੇ ਦੂਜੇ ਪਾਸੇ ਸਾਡੇ ਕਰਮ ਅਤੇ ਵਿਸ਼ੇਸ਼ ਰੂਪ ਵਿੱਚ ਇਸਲਾਮ ਦੇ ਮੁਢੱਲੇ ਆਦੇਸ਼ ਨੂੰ ਬਜਾ ਲਿਆਉਣ ਵਿੱਚ ਕਮਜ਼ੋਰੀ ਹੋਵੇ, ਮੁਢੱਲਾ ਜੋ ਕਰਤਵ ਹੈ ਇਸ ਵਿੱਚ ਕਮਜ਼ੋਰੀ ਹੋਵੇ, ਉਸ ਚੀਜ਼ ਵਿੱਚ ਕਮਜ਼ੋਰੀ ਹੋਵੇ ਜੋ ਸਾਡੇ ਪੈਦਾ ਹੋਣ ਦਾ ਮੂਲ ਮੰਤਵ ਹੈ । ਉਸ ਚੀਜ਼ ਵਿੱਚ ਕਮਜ਼ੋਰੀ ਹੋਵੇ ਜੋ ਇਸ ਉਦੇਸ਼ ਦੀ ਪ੍ਰਾਪਤੀ ਲਈ ਜੋ ਘੱਟੋ ਘੱਟ ਮਿਆਰ (ਪੈਮਾਨਾ) ਰੱਬ ਨੇ ਨਿਰਧਾਰਤ ਕੀਤਾ ਹੈ, ਤਾਂ ਫਿਰ ਅਸੀਂ ਕਿਵੇਂ ਦਾਵਾ ਕਰ ਸਕਦੇ ਹਾਂ ਕਿ ਅਸੀਂ ਆਪਣੀ ਆਤਮਕ ਤਰੱਕੀ ਅਤੇ ਰੱਬ ਦੇ ਆਦੇਸ਼ਾਂ ਉਪੱਰ ਚਲੱਣ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਆਦੇਸ਼ ਉਪੱਰ ਹਾਜ਼ਰ ਕਹਿੰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ । ਹਰ ਸੂਝਵਾਨ ਬਾਲਗ਼ ਵਿਅਕਤੀ ਲਈ ਜਮਾਤ ਨਾਲ ਨਮਾਜ਼ ਪੜ੍ਹਨਾ ਫ਼ਰਜ਼ ਹੈ, ਪਰ ਇਸ ਵੱਲ ਅਸੀਂ ਦੇਖਦੇ ਹਾਂ ਕਿ ਪੂਰਾ ਧਿਆਨ ਨਹੀਂ ਹੈ ਅਤੇ ਕਮਜ਼ੋਰੀ ਹੈ । ਭਾਵੇਂ ਇਕ ਹਕੀਕੀ ਮੋਮਿਨ ਉਪੱਰ ਨਮਾਜ਼ ਫ਼ਰਜ਼ ਹੈ, ਅਤੇ ਉਸ ਨੂੰ ਇਸ ਗੱਲ ਦਾ ਖ਼ਿਆਲ ਰਖੱਣਾ ਚਾਹੀਦਾ ਹੈ ਪਰ ਜਮਾਤ ਵਿੱਚ ਇਕ ਨਿਜ਼ਾਮ (ਵਿਵਸਥਾ) ਵੀ ਕਾਇਮ ਹੈ, ਇਸ ਨਿਜ਼ਾਮ ਨੂੰ ਵੀ ਇਸ ਵੱਲ ਧਿਆਨ ਦੁਆਉਂਦੇ ਰਹਿਣਾ ਚਾਹੀਦਾ ਹੈ । ਇਸ ਦੀ ਵਾਸਤਵਿਕ ਮਹਤੱਾ ਦਰਸ਼ਾਉਂਦੇ ਰਹਿਣਾ ਚਾਹੀਦਾ ਹੈ । ਮੈਂ ਅਧਿਕਤਰ ਖ਼ੁਤਬਿਆਂ ਵਿੱਚ ਇਸ ਵੱਲ ਧਿਆਨ ਦੁਆਉਂਦਾ ਰਹਿੰਦਾ ਹਾਂ, ਪਰ ਇਸ ਨੂੰ ਫਿਰ ਅੱਗੇ ਫੈਲਾਉਂਣਾ ਮੁਰੱਬੀਆਂ ਤੇ ਨਿਜ਼ਾਮੇ ਜਮਾਤ ਦਾ ਕੰਮ ਹੈ । ਜਮਾਤ ਦੇ ਹਰ ਇਕ ਵਿਅਕਤੀ ਨੂੰ ਨਮਾਜ਼ ਦੀ ਮਹਤੱਾ ਦਾ ਸੰਦੇਸ਼ ਵਾਰ ਵਾਰ ਪਹੁੰਚਾਓ । ਵਾਸਤਵ ਵਿੱਚ ਤਾਂ ਅਸੀਂ ਅਹਮਦੀ ਹੋਣ ਦਾ ਹੱਕ ਉਸ ਸਮੇਂ ਪੂਰਾ ਕਰ ਸਕਾਂਗੇ ਜੱਦ ਅਸੀਂ ਆਪਣੀਆਂ ਨਮਾਜ਼ਾਂ ਦੀ ਰੱਖਿਆ ਕਰਦਿਆਂ ਹੋਇਆਂ ਉਹਨਾਂ ਤੋਂ ਆਤਮਕ ਆਨੰਦ ਤੇ ਲਾਭ ਉਠਾਉਣ ਵਾਲੇ ਹੋਵਾਂਗੇ ਅਤੇ ਜੱਦ ਇਹ ਰੂਹਾਨੀ ਸਰੂਰ ਤੇ ਲਾਭ ਹਾਸਲ ਹੋਣਾ ਅਰੰਭ ਹੋ ਜਾਵੇਗਾ ਤਾਂ ਫਿਰ ਨਮਾਜ਼ਾਂ ਪੜ੍ਹਨ ਵੱਲ ਆਪਣੇ ਆਪ ਧਿਆਨ ਹੋ ਜਾਵੇਗਾ।

ਸੋ, ਜੱਦ ਰੱਬ ਕਹਿੰਦਾ ਹੈ ਕਿ ਨਮਾਜ਼ ਬੁਰਾਈਆਂ ਤੋਂ ਬਚਾਉਂਦੀ ਹੈ ਤਾਂ ਨਿਸ਼ਚੇ ਹੀ ਇਹ ਸੱਚ ਹੈ ਰੱਬ ਦਾ ਕਲਾਮ ਝੂਠਾ ਨਹੀਂ ਹੋ ਸਕਦਾ । ਜਿੰਨ੍ਹਾ ਲੋਕਾਂ ਵਿੱਚ ਨਮਾਜ਼ਾਂ ਪੜ੍ਹਨ ਦੇ ਬਾਦ ਵੀ ਬੁਰਾਈਆਂ ਕਾਇਮ ਰਹਿੰਦੀਆਂ ਹਨ ਉਹਨਾਂ ਦੀਆਂ ਨਮਾਜ਼ਾਂ ਕੇਵਲ ਦਿਖਾਵੇ ਦੀਆਂ ਨਮਾਜ਼ਾਂ ਹਨ, ਉਹ ਇਸ ਦੀ ਆਤਮਾ ਨੂੰ ਨਹੀਂ ਸਮਝਦੇ । ਸੋ, ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ ਜਿਸ'ਤੇ ਸਾਨੂੰ ਸਾਰਿਆਂ ਨੂੰ ਆਪਣੀ ਹਾਲਤ ਦਾ ਜਾਇਜ਼ਾ ਲੈਂਣਾ ਚਾਹੀਦਾ ਹੈ ।

ਕਈ ਜਮਾਤਾਂ ਵਿੱਚ ਨਮਾਜ਼ਾਂ ਵਿੱਚ ਚੰਗੀ ਹਾਜ਼ਰੀ ਹੁੰਦੀ ਹੈ, ਪਰ ਫਿਰ ਵੀ ਕੋਈ ਨ ਕੋਈ ਨਮਾਜ਼ ਕਿਸੇ ਨ ਕਿਸੇ ਦੀ ਨਸ਼ਟ ਹੋ ਰਹੀ ਹੁੰਦੀ ਹੈ ਅਤੇ ਕਈ ਅਜਿਹੇ ਹਨ ਜੋ ਕਈ ਵਾਰ ਇਕ ਅੱਧੀ ਨਮਾਜ਼ ਨਹੀਂ ਵੀ ਪੜ੍ਹਦੇ ਅਤੇ ਉਸ ਦਾ ਇਕ ਕਾਰਣ ਜਿਵੇਂ ਕਿ ਮੈਂ ਕਿਹਾ ਇਹ ਵੀ ਹੈ ਕਿ ਨਿਜ਼ਾਮ ਇਸ ਵੱਲ ਧਿਆਨ ਨਹੀਂ ਦੁਆਉਂਦਾ ਅਤੇ ਨਿਜ਼ਾਮ ਦੀਆਂ ਵੀ ਦੂਜੀਆਂ ਮਹਤੱਤਾਵਾਂ ਹਨ । ਮੇਰੇ ਖ਼ੁਤਬੇ ਅਵੱਲ ਤਾਂ ਹਰ ਇਕ ਸੁਣਦਾ ਹੀ ਨਹੀਂ, ਇਹ ਆਖਣਾ ਕਿ ਸੌ ਪ੍ਰਤੀਸ਼ਤ ਲੋਕ ਸੁਣਦੇ ਹਨ ਇਹ ਵੀ ਗ਼ਲਤ ਹੈ, ਜੇਕਰ ਸੁਣ ਵੀ ਲੈਂਣ ਫਿਰ ਵੀ ਨਿਰੰਤਰ ਯਾਦਹਾਨੀ ਕਰਾਉਂਣੀ ਨਿਜ਼ਾਮ ਦਾ ਕੰਮ ਹੈ ਇਸ ਲਈ ਨਿਜ਼ਾਮ ਬਣਾਇਆ ਗਿਆ ਹੈ ਕਿ ਤਰਬੀਯਤ ਵੱਲ ਧਿਅਨ ਹੋਵੇ । ਬੀਤੇ ਦਿਨੀ ਏਥੇ ਇਕ ਜਮਾਤ ਦੀ ਮਜਲਿਸੇ ਆਮਲਾ ਨਾਲ ਮੁਲਾਕਾਤ ਸੀ, ਤਾਂ ਸਦਰ ਸਾਹਬ ਨੇ ਦੱਸਿਆ ਕਿ ਜੱਦ ਤੋਂ ਮੈਂ ਸਦਰ ਬਣਿਆਂ ਹਾਂ ਆਰਥਕ ਵਿਵਸਥਾ ਵੱਲ ਮੈਂ ਬਹੁਤ ਧਿਆਨ ਦਿਤੱਾ ਹੈ ਅਤੇ ਹੁਣ ਅਸੀਂ ਇਸ ਵਿੱਚ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਹੇ ਹਾਂ, ਤਾਂ ਮੈਂ ਉਹਨਾਂ ਨੂੰ ਕਿਹਾ ਕਿ ਠੀਕ ਹੈ ਇਹ ਜਤਨ ਤਾਂ ਆਪ ਨੇ

ਕੀਤਾ ਪਰ ਜੋ ਇਕ ਮੋਮਿਨ ਲਈ ਮੁਢੱਲੀ ਚੀਜ਼ ਹੈ ਅਤੇ ਫ਼ਰਜ਼ ਹੈ ਅਰਥਾਤ ਨਮਾਜ਼, ਉਸ ਲਈ ਆਪ ਨੇ ਕੀ ਜਤਨ ਕੀਤਾ । ਤਾਂ ਇਸ ਬਾਰੇ ਚੁੱਪੀ ਸੀ । ਹਾਂ ਫ਼ਜਰ ਤੇ ਇਸ਼ਾ ਦੀ ਨਮਾਜ਼ ਦੀ ਹਾਜ਼ਰੀ ਬਾਰੇ ਜੋ ਮੈਂ ਪੜਤਾਲ ਕੀਤੀ ਤਾਂ ਇਸ ਵਿੱਚ ਜੋ ਗਿਣਤੀ ਸਾਹਮਣੇ ਆਈ ਉਹ ਵਾਹਵਾ ਚੰਗੀ ਸੀ, ਪਰ ਨਿਜ਼ਾਮ ਦਾ ਇਸ ਵਿੱਚ ਕੋਈ ਜਤਨ ਨਹੀਂ ਸੀ । ਜੇਕਰ ਆਨੰਦ ਤੇ ਸਰੂਰ ਮਾਨੰਣ ਵਾਲੇ ਨਮਾਜ਼ੀ ਪੈਦਾ ਹੋ ਜਾਣ ਗੇ ਤਾਂ ਆਰਥਕ ਵਿਵਸਥਾ ਆਪਣੇ ਆਪ ਠੀਕ ਹੋ ਜਾਵੇਗੀ ਕਿਉਂਕਿ ਤਕਵਾ (ਸੰਜਮਤਾ) ਦਾ ਮਿਆਰ ਵਧੱਣ ਨਾਲ ਹੀ ਆਰਥਕ ਕੁਰਬਾਨੀ ਵੱਲ ਧਿਆਨ ਪੈਦਾ ਹੁੰਦਾ ਹੈ ਅਤੇ ਇਹੋ ਨਹੀਂ ਸਗੋਂ ਅਮੂਰ ਆਮਾ ਅਤੇ ਕਜ਼ਾ ਦੀਆਂ ਸਮੱਸਿਆਵਾਂ ਵੀ ਜੋ ਹਨ ਬਹੁਤ ਹੱਦ ਤੱਕ ਹੱਲ ਹੋ ਜਾਣ ਗੀਆਂ, ਸਗੋਂ ਦੂਜੇ ਵਿਭਾਗ ਵੀ ਐਕਟਿਵ ਹੋ ਜਾਣਗੇ, ਜੇਕਰ ਸਾਰੇ ਉਚਿਤ ਢੰਗ ਨਾਲ ਨਮਾਜ਼ਾਂ ਪੜ੍ਹਨੀਆਂ ਸ਼ੁਰੂ ਕਰ ਦੇਣ । ਦੁਨੀਆ ਦੇ ਆਮ ਹਾਲਾਤ ਅਜਿਹੇ ਹਨ ਕਿ ਜੰਗ ਤੇ ਤਬਾਹੀ ਦਾ ਖ਼ਤਰਾ ਤੇਜ਼ੀ ਨਾਲ ਵੱਧ ਰਿਹਾ ਹੈ । ਬਹੁਤ ਸਾਰੇ ਲੋਕ ਲਿਖੱਦੇ ਹਨ ਕਿ ਜੰਗ ਸ਼ੁਰੂ ਹੋਵੇਗੀ ਤਾਂ ਕੀ ਹੋਵੇਗਾ ਅਸੀਂ ਕੀ ਕਰਾਂਗੇ ? ਤਾਂ ਉਹਨਾਂ ਨੂੰ ਇਹੋ ਉੱਤਰ ਹੈ ਕਿ ਜੇਕਰ ਇਹਨਾਂ ਖ਼ਤਰਿਆਂ ਤੋਂ ਬਚਣਾ ਹੈ ਤਾਂ ਫ਼ਿਰ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਖ਼ੁਦਾਏ ਜ਼ੁਲ ਅਜਾਇਬ (ਅਦਭੁਤ ਕਰਣੀਆ ਵਾਲੇ ਰੱਬ) ਨਾਲ ਪ੍ਰੇਮ ਕਰਨਾ ਹੋਵੇਗਾ ਅਤੇ ਇਸ ਪ੍ਰੇਮ ਦਾ ਇਕ ਹੀ ਤਰੀਕਾ ਹੈ ਆਪਣੀਆਂ ਨਮਾਜ਼ਾਂ ਤੇ ਆਪਣੀਆਂ ਇਬਾਦਤਾਂ ਨੂੰ ਉਸ ਦੇ ਆਦੇਸ਼ ਅਨੁਸਾਰ ਢਾਲਦਿਆਂ ਹੋਇਆਂ ਆਨੰਦ ਤੇ ਸਰੂਰ ਪੈਦਾ ਕਰਨ ਦਾ ਅਸੀਂ ਜਤਨ ਕਰੀਏ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਚੰਗੀ ਤਰ੍ਹਾਂ ਚੇਤੇ ਰੱਖੋ ਅਤੇ ਫਿਰ ਚੇਤੇ ਰੱਖੋ ਕਿ ਰੱਬ ਤੋਂ ਬਿਨਾ ਕਿਸੇ ਹੋਰ ਅੱਗੇ ਝੁਕੱਣਾ ਰੱਬ ਤੋਂ ਕਟੱਣਾ ਹੈ । ਫ਼ਰਮਾਇਆ ਤੌਹੀਦ (ਇਕ ਈਸ਼ਵਰ ਵਾਦ) ਦੇ ਅਮਲੀ ਪ੍ਰਗਟਾਵੇ ਦਾ ਨਾਂ ਨਮਾਜ਼ ਹੈ । ਤੌਹੀਦ ਦਾ ਮੂੰਹੋਂ ਤਾਂ ਦਾਵਾ ਕਰ ਦਿਤੱਾ ਪਰ ਉਸ ਦੇ ਕਰਮ ਰੂਪੀ ਪ੍ਰਗਟਾਵੇ ਦਾ ਨਾਂ ਨਮਾਜ਼ ਹੈ । ਫ਼ਰਮਾਇਆ ਤੌਹੀਦ ਤੇ ਨਮਾਜ਼ ਕੁਝ ਵੀ ਹੋਵੇ ਕਿਉਂਕਿ ਤੌਹੀਦ ਦੇ ਅਮਲੀ ਰੂਪ ਦਾ ਨਾਂ ਹੀਂ ਨਮਾਜ਼ ਹੈ, ਉਸ ਸਮੇਂ ਹੀ ਬੇ ਬਰਕਤ ਤੇ ਵਿਅਰਥ ਹੁੰਦੀ ਹੈ ਜੱਦ ਇਸ ਵਿੱਚ ਸੁਸਤੀ ਤੇ ਪਤਨ ਅਤੇ ਮਨ ਦੀ ਲਗਨ ਨ ਹੋਵੇ । ਫ਼ਰਮਾਇਆ, ਸੁਣੋ ਉਹ ਦੁਆ ਜਿਸ ਲਈ 'ਉਦਊਨੀ ਅਸਤਾ ਜਿਬਲਾਕੁਮ' (ادعونی استجب لکم) ਅਰਥਾਤ ਮੈਨੂੰ ਪੁਕਾਰੋ ਮੈਂ ਤੁਹਾਨੂੰ ਉੱਤਰ ਦਿਆਂਗਾ ਉਸ ਦੇ ਲਈ ਇਹ ਸੱਚੀ ਰੂਹ ਲੋੜੀਂਦੀ ਹੈ । ਜੇਕਰ ਇਸ ਪੁਕਾਰ ਵਿੱਚ ਪੀੜਾ ਤੇ ਦਰਦ ਵਿੱਚ ਹਕੀਕਤ ਦੀ ਰੂਹ ਨਹੀਂ ਤਾਂ ਉਹ ਟੈਂ ਟੈਂ ਤੋਂ ਘੱਟ ਨਹੀਂ ।

ਹਜ਼ੂਰ ਨੇ ਫ਼ਰਮਾਇਆ : ਸੋ, ਜਿਵੇਂ ਕਿ ਪਹਿਲਾਂ ਵੀ ਵਰਨਣ ਹੋ ਚੁਕਿਆ ਹੈ ਕਿ ਦੁਆ ਵਿੱਚ ਵਿਨਮ੍ਰਤਾ ਅਤੇ ਪੀੜਾ ਹੋਵੇ ਤਾਂ ਫਿਰ ਰੱਬ ਕੁਬੂਲ ਕਰਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮਨੁੱਖ ਦੀ ਰੂਹ ਜੱਦ ਪੂਰੀ ਤਰ੍ਹਾਂ ਢਹਿ ਜਾਂਦੀ ਹੈ ਤਾਂ ਉਹ ਰੱਬ ਵੱਲ ਇਕ ਸੋਮੇ ਵਾਂਗ ਵਗੱਦੀ ਹੈ ਅਤੇ ਰੱਬ ਤੋਂ ਬਿਨਾ ਹੋਰਨਾ ਤੋਂ ਸੰਬੰਧ ਅੱਡ ਹੋ ਜਾਂਦਾ ਹੈ ਅਤੇ ਉਸ ਸਮੇਂ ਰੱਬ ਦਾ ਪ੍ਰੇਮ ਉਸ'ਤੇ ਉਤਰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੱਦ ਰੱਬ ਦਾ ਪ੍ਰੇਮ ਮਨੁੱਖ ਉਪੱਰ ਡਿਗੱਦਾ ਹੈ ਤਾਂ ਫਿਰ ਸਾਰੇ ਪਾਪ ਸੜ ਕੇ ਖ਼ਤਮ ਹੋ ਜਾਂਦੇ ਹਨ ਅਤੇ ਫਿਰ ਨਿਰੰਤਰ ਨਮਾਜ਼ਾਂ ਵਿੱਚ ਸਰੂਰ ਦੀ ਅਵਸਥਾ ਪੈਦਾ ਹੋ ਜਾਂਦੀ ਹੈ । ਸੋ, ਇਹ ਸ਼ਿਕਵਾ ਕਰਨ ਦੀ ਥਾਂ ਜਾਂ ਮਨ ਵਿੱਚ ਇਹ ਵਿਚਾਰ ਲਿਆਉਣ ਦੇ ਕਿ ਸਾਡੀਆਂ ਨਮਾਜ਼ਾਂ ਸਾਨੂੰ ਆਨੰਦ ਨਹੀਂ

ਦਿੰਦੀਆਂ ਸਾਨੂੰ ਰੱਬ ਨਾਲ ਇਹ ਵਿਸ਼ੇਸ਼ ਸੰਬੰਧ ਪੈਦਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਆਪਣੀ ਹਾਲਤ ਨੂੰ ਦੇਖੋ ਕਿ ਅਸੀਂ ਕੇਵਲ ਟਕੱਰਾਂ ਮਾਰ ਰਹੇ ਹਾਂ ਜਾਂ ਨਮਾਜ਼ ਦਾ ਹੱਕ ਪੂਰਾ ਕਰ ਰਹੇ ਹਾਂ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਨਮਾਜ਼ ਦੀ ਵਿਵਸਥਾ ਤੇ ਪਾਬੰਦੀ ਬਹੁਤ ਜ਼ਰੂਰੀ ਹੈ ਤਾਂ ਉਹ ਸਭ ਤੋਂ ਪਹਿਲਾਂ ਪੱਕੀ ਆਦਤ ਬਣ ਜਾਵੇ ਅਤੇ ਰੱਬ ਵੱਲ ਧਿਆਨ ਦਾ ਵਿਚਾਰ ਹੋਵੇ । ਫਿਰ ਹੌਲੀ ਹੌਲੀ ਉਹ ਸਮਾਂ ਆਪ ਆ ਜਾਂਦਾ ਹੈ ਜੱਦ ਉਹ ਸੰਸਾਰਕ ਮੋਹ ਤੋਂ ਪੂਰੀ ਤਰ੍ਹਾਂ ਅੱਡ ਹੋਣ ਦੀ ਅਵਸਥਾ ਵਿੱਚ ਮਨੁੱਖ ਇਕ ਨੂਰ ਅਤੇ ਇਕ ਆਨੰਦ ਦਾ ਵਾਰਸ ਬਣ ਜਾਂਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਪਹਿਲਾਂ ਨਮਾਜ਼ ਦੀ ਆਦਤ ਜ਼ਰੂਰੀ ਹੈ, ਆਪਣੇ ਆਪ ਨੂੰ ਨਮਾਜ਼ਾਂ ਦਾ ਪਾਬੰਦ ਕਰਨਾ ਜ਼ਰੂਰੀ ਹੈ, ਭਾਵੇਂ ਨਮਾਜ਼ਾਂ ਦਾ ਲਾਭ ਦਿਖਾਈ ਦਿੰਦਾ ਹੋਵੇ ਜਾਂ ਨਹੀਂ ਪਰ ਨਮਾਜ਼ਾਂ ਬਹਿਰਹਾਲ ਪੜ੍ਹਨੀਆਂ ਹਨ, ਕਿਉਂਕਿ ਇਹ ਫ਼ਰਜ਼ ਹਨ ਅਤੇ ਇਸ ਸਮਝ ਕੇ ਆਦਤ ਜ਼ਰੂਰੀ ਹੈ ਕਿ ਮੈਂ ਹਰ ਹਾਲਤ ਵਿੱਚ ਰੱਬ ਵੱਲ ਧਿਆਨ ਕਰਨਾ ਹੈ, ਉਸ ਦੇ ਕੋਲ ਹੀ ਜਾਣਾ ਹੈ ਹਰ ਲੋੜ ਲਈ ਉਸੇ ਤੋਂ ਮੰਗਣਾ ਹੈ । ਇਸ ਲਈ ਜੇਕਰ ਮੁਸਤਕਿਲ ਮਿਜ਼ਾਜ (ਪੱਕੇ ਪੈਰ੍ਹੀਂ) ਰਹੇਗਾ ਤਾਂ ਫਿਰ ਇਕ ਸਮਾਂ ਆਏਗਾ ਕਿ ਨਮਾਜ਼ਾਂ ਦੇ ਹੱਕ ਵੀ ਪੂਰੇ ਹੋਣੇ ਸ਼ੁਰੂ ਹੋ ਜਾਣਗੇ, ਨਮਾਜ਼ਾਂ ਵਿੱਚ ਆਨੰਦ ਵੀ ਆਉਂਣਾ ਸ਼ੁਰੂ ਹੋ ਜਾਵੇਗਾ ।

ਅਲੱਾਹ ਤਆਲਾ ਸਾਨੂੰ ਨਮਾਜ਼ਾਂ ਦੀ ਰੱਖਿਆ ਕਰਨ ਦਾ ਸੰਜੋਗ ਪ੍ਰਦਾਨ ਕਰੇ । ਇਹਨਾਂ ਵਿੱਚ ਨਿਰੰਤਰਤਾ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ, ਆਪਣੀਆਂ ਨਮਾਜ਼ਾਂ ਨੂੰ ਖ਼ਾਲਸ ਹੋਕੇ ਰੱਬ ਦੀ ਰਜ਼ਾ ਲਈ ਪੂਰਾ ਕਰਨ ਦਾ ਜਤਨ ਕਰਨ ਦਾ ਸੰਜੋਗ ਪ੍ਰਦਾਨ ਕਰੇ । ਸਾਡੀਆਂ ਨਮਾਜ਼ਾਂ ਵਿੱਚ ਆਨੰਦ ਤੇ ਸਰੂਰ ਪੈਦਾ ਕਰੇ । ਅਸੀਂ ਉਸ ਵਿੱਚ ਕਦੇ ਵੀ ਸੁਸਤੀ ਦਿਖਾਉਣ ਵਾਲੇ ਨ ਹੋਈਏ ਅਤੇ ਇਸ ਗੱਲ ਦੀ ਹਕੀਕਤ ਨੂੰ ਅਸੀਂ ਸਮਝਣ ਵਾਲੇ ਹੋਈਏ ਕਿ ਅੱਜ ਦੁਨੀਆ ਦੀਆਂ ਔਕੁੜਾਂ ਤੇ ਮੁਸੀਬਤਾਂ ਤੋਂ ਅਸੀਂ ਉਦੋਂ ਹੀ ਛੁਟਕਾਰਾ ਪਾ ਸਕਦੇ ਹਾਂ ਜੱਦ ਅਸੀਂ ਰੱਬ ਦੀ ਇਬਾਦਤ ਦਾ ਹੱਕ ਪੂਰਾ ਕਰਨ ਵਾਲੇ ਹੋਵਾਂਗੇ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।

**Khulasa Khutba Jumma 20.01.2017**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131